# IN-DEPTH ANALYSIS OF HUMAN CONCERNS (IN THE REFERENCE OF AJMER SINGH AULAKH'S SHORT PLAY COLLECTION ISHQ BAJH NAWAZ DA HAJJ NAHI)

# ਮਾਨਵੀ ਸਰੋਕਾਰਾਂ ਦੀ ਜਾਗ੍ਰਿਤੀ ਦਾ ਗਹਿਨ ਅਧਿਐਨ

## (ਅਜਮੇਰ ਸਿੰਘ ਔਲਖ ਰਚਿਤ ਲਘੂ ਨਾਟਕ ਸੰਗ੍ਰਹਿ ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ ਦੇ ਸੰਦਰਭ ਵਿੱਚ)

**ਸਰਵਜੀਤ ਸਿੰਘ (Sarvjeet Singh)**

**ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਸਰਕਾਰੀ ਮਹਿਲਾ ਕਾਲਜ, ਰਤੀਆ, ਜ਼ਿਲ੍ਹਾ-ਫ਼ਤਿਹਾਬਾਦ (ਹਰਿਆਣਾ)**

**ਮੋਬਾਈਲ +91-99919-02803, E-Mail-sarvjeetbains888@gmail.com**

**ABSTRACT**

*ਅਜਮੇਰ ਸਿੰਘ ਔਲਖ ਪੰਜਾਬੀ ਨਾਟ ਪਰੰਪਰਾ ਵਿੱਚ ਅਹਿਮ ਹਸਤਾਖ਼ਰ ਹੈ। ਉਸ ਦਾ ਜਨਮ ਪੰਜਾਬ ਦੇ ਪਿੱਛੜੇ ਇਲਾਕੇ, ਜ਼ਿਲ੍ਹਾ ਮਾਨਸਾ ਦੇ ਪਿੰਡ ਕਿਸ਼ਨਗੜ੍ਹ ਫਰਵਾਹੀ ਵਿਖੇ ਹੋਇਆ। ਉਸ ਨੇ ਆਪਣੇ ਨਾਟਕਾਂ ਵਿੱਚ ਪੰਜਾਬ ਦੇ ਮਲਵਈ ਸਭਿਆਚਾਰ ਦਾ ਬਹੁ-ਪੱਖੀ ਅਤੇ ਵਿਸਤ੍ਰਿਤ ਚਿਤਰਨ ਨਾਟਕ ਲਿਖਣ ਅਤੇ ਨਿਰਦੇਸ਼ਨ ਰਾਹੀਂ ਕੀਤਾ। ਜਿਸ ਕਾਰਨ ਉਸ ਨੂੰ ਮਾਲਵੇ ਦਾ ਆਂਚਲਿਕ ਨਾਟਕਕਾਰ ਵੀ ਕਿਹਾ ਜਾਂਦਾ ਹੈ। ਉਸ ਨੇ ਜਿੰਨੀ ਸ਼ਿੱਦਤ ਨਾਲ ਨਾਟਕ ਲਿਖੇ ਉੰਨੀ ਹੀ ਸ਼ਿੱਦਤ ਨਾਲ ਨਾਟਕ ਦਾ ਮੰਚਨ ਵੀ ਕੀਤਾ, ਜਿਸ ਕਾਰਨ ਨਾਟਕ ਸ਼ਹਿਰਾਂ ਚੋਂ ਪਿੰਡਾਂ ਤੱਕ ਪਹੁੰਚਣ ਵਿੱਚ ਸਫਲ ਹੋ ਪਾਇਆ। 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ' ਭਾਰਤੀ ਸਾਹਿਤ ਅਕਾਦਮੀ ਅਵਾਰਡ ਜੇਤੂ ਲਘੂ ਨਾਟ ਸੰਗ੍ਰਹਿ 2005 ਵਿੱਚ ਪ੍ਰਕਾਸ਼ਿਤ ਹੋਇਆ। ਇਸ ਵਿੱਚ ਪ੍ਰਕਾਸ਼ਿਤ ਪੰਜ ਲਘੂ ਨਾਟਕ ਨਿਮਨ ਕਿਸਾਨੀ, ਪੇਂਡੂ-ਮਜ਼ਦੂਰ ਅਤੇ ਦਲਿਤ ਜਾਤੀ ਉੱਪਰ ਹੁੰਦੇ ਭੇਦਭਾਵ ਅਤੇ ਆਰਥਿਕ ਥੁੜਾਂ ਕਾਰਨ ਪੈਦਾ ਹੋਏ ਮਾਨਸਿਕ ਸੰਤਾਪ ਦੇ ਨਾਲ-ਨਾਲ ਪੰਜਾਬ ਸੰਕਟ, ਕੰਨਿਆ ਭਰੂਣ ਹੱਤਿਆ ਆਦਿ ਵਿਸ਼ਿਆਂ ਦੀ ਆਲੋਚਨਾਤਮਿਕ ਤਸਵੀਰ ਪੇਸ਼ ਕਰਦੇ ਹਨ। ਇਹਨਾਂ ਲਘੂ ਨਾਟਕਾਂ ਦੀ ਖ਼ੂਬੀ ਇਸ ਤੱਥ ਵਿੱਚ ਹੈ ਕਿ ਇਹਨਾਂ ਵਿੱਚ ਪੇਸ਼ ਹੋਈ ਆਲੋਚਨਾਤਮਿਕ ਯਥਾਰਥਵਾਦੀ ਦ੍ਰਿਸ਼ਟੀ ਸਮਾਜ ਦੇ ਦੱਬੇ-ਕੁਚਲੇ ਲੋਕਾਂ ਦੇ ਜੀਵਨ ਨੂੰ ਰੰਗਮੰਚ 'ਤੇ ਪੇਸ਼ ਕਰਕੇ ਉਹਨਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗ੍ਰਿਤ ਕਰਨ ਦਾ ਕਾਰਜ ਪੂਰੀ ਬਚਨਬੱਧਤਾ ਨਾਲ ਨਿਭਾਉਂਦੀ ਹੈ।*

**ਕੀਵਰਡ**: ***ਨਾਟਕਕਾਰ ਤੇ ਰੰਗਕਰਮੀ, ਮਲਵਈ ਸਭਿਆਚਾਰ, ਸਮਕਾਲੀ ਪ੍ਰਾਸੰਗਿਗਤਾ, ਨਿਮਨ ਕਿਸਾਨੀ ਦੀਆਂ ਆਰਥਿਕ ਥੁੜਾਂ, ਦਲਿਤ ਹੋਣੀ, ਪੰਜਾਬ ਸੰਕਟ***

ਸਾਹਿਤ ਦਾ ਮੁੱਖ ਉਦੇਸ਼ ਆਪਣੇ ਆਲ਼ੇ-ਦੁਆਲ਼ੇ ਘਟ ਰਹੀਆਂ ਘਟਨਾਵਾਂ ਨੂੰ ਯਥਾਰਥਕ ਰੂਪ ਵਿੱਚ ਪੇਸ਼ ਕਰਨਾ ਹੈ। ਸਾਹਿਤਕਾਰ ਸਾਹਿਤ ਸਿਰਜਣਾ ਰਾਹੀਂ ਆਪਣੇ ਮਨ ਦੇ ਭਾਵਾਂ ਦਾ ਵਿਰੇਚਨ ਕਰ ਮਾਨਸਿਕ ਰੂਪ ਤੋਂ ਨਵਿਰਤ ਹੁੰਦਾ ਹੈ ਅਤੇ ਨਾਲ ਹੀ ਉਹ ਸਮਾਜ ਨੂੰ ਸੇਧ ਦੇ ਕੇ ਸਮਾਜ ਸੁਧਾਰ ਦਾ ਕਾਰਜ ਕਰਦਾ ਹੈ। ਅਨੇਕਾਂ ਸਾਹਿਤਕ ਵਿਧਾਵਾਂ ਵਿੱਚੋਂ ਨਾਟਕ ਇੱਕ ਵਿਲੱਖਣ ਅਤੇ ਗੁੰਝਲਦਾਰ ਵਿਧਾ ਹੈ ਕਿਉਂਕਿ ਨਾਟਕ ਵਿੱਚ ਲਿਖਤੀ ਅਤੇ ਦਰਸ਼ਨੀ ਕਲਾ ਵਾਲੇ ਦੋਵੇਂ ਗੁਣ ਮੌਜੂਦ ਹੁੰਦੇ ਹਨ। ਇਸ ਕਰਕੇ ਨਾਟਕ ਮਨੁੱਖੀ ਜ਼ਿੰਦਗੀ ਨੂੰ ਰੰਗਮੰਚ ਉੱਤੇ ਸਪਸ਼ਟ ਅਤੇ ਸਿੱਧੇ ਢੰਗ ਨਾਲ ਪੇਸ਼ ਕਰਨ ਵਾਲਾ ਸਾਹਿਤ ਰੂਪ ਹੈ। ਇਸ ਰਾਹੀਂ ਨਾਟਕਕਾਰ ਮਨੁੱਖੀ ਜੀਵਨ ਦੇ ਅਨੁਭਵਾਂ ਨੂੰ ਅਨੁਕਰਨ ਦੇ ਮਾਧਿਅਮ ਦੁਆਰਾ ਸਜੀਵ ਰੂਪ ਵਿੱਚ ਰੰਗਮੰਚ ਉੱਪਰ ਦਰਸ਼ਕਾਂ ਦੇ ਸਨਮੁੱਖ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਹੈ। ਦਰਸ਼ਕ ਜਦੋਂ ਆਪਣੀ ਬੀਤ ਚੁੱਕੀ ਜ਼ਿੰਦਗੀ ਦੀਆਂ ਕਮੀਆਂ ਅਤੇ ਉਪਲਭਦੀਆਂ ਨੂੰ ਮੁੜ ਸੁਰਜੀਤ ਹੁੰਦਾ ਦੇਖਦਾ ਹੈ ਤਾਂ ਉਸ ਦੀ ਜ਼ਿੰਦਗੀ ਵਿੱਚ ਇੱਕ ਨਵੀਂ ਊਰਜਾ ਦਾ ਸੰਚਾਰ ਹੁੰਦਾ ਹੈ ਅਤੇ ਉਹ ਆਪਣੀ ਜ਼ਿੰਦਗੀ ਦਾ ਪੁਨਰ ਮੁਲਾਂਕਣ ਕਰਦਾ ਹੈ। ਨਾਟਕ ਦਾ ਖੇਤਰ ਮਨੁੱਖੀ ਜੀਵਨ ਜਿੰਨ੍ਹਾ ਵਿਸ਼ਾਲ ਅਤੇ ਡੂੰਘਾ ਹੈ। ਇਹੀ ਵਜ੍ਹਾ ਹੈ ਕਿ ਨਾਟਕ ਵਿੱਚ ਜੀਵਨ ਦੀਆਂ ਪਰਿਸਥਿਤੀਆਂ ਅਤੇ ਘਟਨਾਵਾਂ ਨੂੰ ਪੇਸ਼ ਕਰਨ ਸਮੇਂ ਦੇਸ਼ਕਾਲ ਅਤੇ ਵਾਤਾਵਰਣ ਦਾ ਵਿਸ਼ੇਸ਼ ਤੌਰ 'ਤੇ ਧਿਆਨ ਰੱਖਿਆ ਜਾਂਦਾ ਹੈ ਤਾਂ ਜੋ ਦਰਸ਼ਕ ਆਪਣੇ ਸਨਮੁੱਖ ਜ਼ਿੰਦਗੀ ਦੀ ਝਲਕ ਦੇਖ ਕੇ, ਆਪਣੀ ਬਾਕੀ ਰਹਿੰਦੀ ਜ਼ਿੰਦਗੀ 'ਚ ਉਤਾਰ ਸਕਣ ਅਤੇ ਉਸ ਤੋਂ ਕੁਝ ਸਿੱਖ ਸਕਣ। ਇਸ ਸਬੰਧੀ ਗੁਰਦਿਆਲ ਸਿੰਘ ਫੁੱਲ ਦਾ ਮੱਤ ਹੈ ਕਿ *"ਰੰਗਮੰਚ ਜੀਵੇ ਜੀਵਨ ਨੂੰ, ਵਿਸਾਰੇ ਜੀਵਨ ਨੂੰ ਤੇ ਲੁਕੇ ਜੀਵਨ ਨੂੰ ਮੁੜ ਸਾਡੇ ਸਾਹਮਣੇ ਕਲਾਤਮਕ ਢੰਗ ਨਾਲ ਪੇਸ਼ ਕਰਕੇ ਸਾਨੂੰ ਅੰਦਰੋਂ ਬਾਹਰੋਂ ਸੰਪੂਰਨ ਹੋਣ ਦਾ ਅਵਸਰ ਬਖ਼ਸ਼ਦਾ ਹੈ।"*[1] ਇਸ ਲਈ ਨਾਟਕ ਦੀ ਸਫ਼ਲਤਾ ਉਸ ਦੇ ਰੰਗਮੰਚ ਦੀ ਪੇਸ਼ਕਾਰੀ ਉੱਪਰ ਨਿਰਭਰ ਕਰਦੀ ਹੈ। ਨਾਟਕ ਦੇ ਇਸ ਉਦੇਸ਼ ਨੂੰ ਮੁੱਖ ਰੱਖ ਕੇ ਡਾ. ਰਤਨ ਸਿੰਘ ਜੱਗੀ ਦਾ ਕਹਿਣਾ ਹੈ ਕਿ, *"...'ਨਾਟਕ' ਨਾਂ ਦਾ ਇਹ ਪੰਜਵਾਂ ਵੇਦ ਸਭ ਵਰਣਾਂ ਲਈ ਸਮਾਨ ਭਾਵ ਨਾਲ ਰਚਿਆ ਗਿਆ ਸੀ। ਜਿਵੇਂ ਵੇਦਾਂ ਦੇ ਅਧਿਐਨ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਉਸੇ ਤਰ੍ਹਾਂ ਨਾਟਕ ਨੂੰ ਵੇਖਣ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਪਰ ਇਹ ਸਾਰੀਆਂ ਕਲਾਵਾਂ ਵਿੱਚੋਂ ਸ੍ਰੇਸ਼ਠ ਅਤੇ ਸਾਰੇ ਕਾਵਿ-ਰੂਪਾਂ ਵਿੱਚੋਂ ਉੱਤਮ ਹੈ ਕਿਉਂਕਿ ਦ੍ਰਿਸ਼ ਕਾਵਿ ਹੋਣ ਕਰਕੇ ਇਸ ਦਾ ਪ੍ਰਭਾਵ ਤੁਰੰਤ, ਤੀਬਰ ਅਤੇ ਤੀਖਣ ਹੈ।"*[2]

ਅਜਮੇਰ ਸਿੰਘ ਔਲਖ ਪੰਜਾਬੀ ਨਾਟਕ ਅਤੇ ਰੰਗਮੰਚ ਦੇ ਖੇਤਰ ਵਿੱਚ ਵਿਲੱਖਣ ਹਸਤਾਖ਼ਰ ਹੈ। ਉਹ ਪੰਜਾਬ ਦੇ ਪਿਛੜੇ ਇਲਾਕੇ ਮਾਲਵੇ ਦੇ ਸਭਿਆਚਾਰ ਅਤੇ ਲੋਕਧਾਰਾ ਦੇ ਮਾਨਵੀ ਸਰੋਕਾਰਾਂ ਨੂੰ ਆਪਣੀਆਂ ਨਾਟ ਕ੍ਰਿਤਾਂ ਦਾ ਵਿਸ਼ਾ ਬਣਾਉਂਦਾ ਹੋਇਆ ਮਨੁੱਖੀ ਜੀਵਨ ਨੂੰ ਖ਼ੁਸ਼ਹਾਲ ਬਣਾਉਣ ਹਿਤ ਅਗਰਸਰ ਹੈ। ਔਲਖ ਆਧੁਨਿਕ ਪੰਜਾਬੀ ਨਾਟਕਕਾਰਾਂ ਵਿੱਚ ਅਜਿਹਾ ਨਾਟਕਕਾਰ ਹੋਇਆ ਹੈ ਜਿਸ ਨੇ ਨਾਟਕ ਲਿਖਣ ਅਤੇ ਮੰਚ ਉੱਪਰ ਪੇਸ਼ਕਾਰੀ ਕਰਨ ਵਾਲੇ ਦੋਹਾਂ ਕਾਰਜਾਂ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਉਸ ਨੇ ਪੰਜਾਬੀ ਨਾਟਕ ਨੂੰ ਸ਼ਹਿਰਾਂ 'ਚੋਂ ਕੱਢ ਕੇ ਪਿੰਡਾਂ ਦੀਆਂ ਗਲੀਆਂ ਵਿੱਚ ਪਹੁੰਚਾ ਦਿੱਤਾ, ਜਿਸ ਕਾਰਨ ਪੰਜਾਬੀ

ਨਾਟਕ ਆਪਣੇ ਉਦੇਸ਼ ਵਿੱਚ ਕਾਮਯਾਬ ਹੋ ਪਾਇਆ। ਔਲਖ ਆਪਣੇ ਨਾਟਕਾਂ ਵਿੱਚ ਸਰਵ ਸਾਧਾਰਨ ਦੇ ਵਿਸ਼ਿਆਂ ਵਿੱਚੋਂ ਪੇਂਡੂ ਨਿਮਨ ਕਿਸਾਨੀ ਦੀ ਕਮਜ਼ੋਰ ਆਰਥਿਕਤਾ ਤੋਂ ਉਪਜੇ ਸਮਾਜਿਕ ਅਸੰਤੁਲਨ, ਜਾਗੀਰਦਾਰਾਂ ਅਤੇ ਬੈਂਕਾਂ ਦੁਬਾਰਾ ਕੀਤੀ ਜਾਂਦੀ ਜਨ ਸਾਧਾਰਨ ਦੀ ਲੁੱਟ ਅਤੇ ਸ਼ੋਸ਼ਣ, ਅਮੀਰ-ਗ਼ਰੀਬ ਦਾ ਭੇਦਭਾਵ, ਆਰਥਿਕ ਲੋੜਾਂ ਨਾ ਪੂਰੀਆਂ ਹੋਣ ਕਾਰਨ ਉਪਜਿਆ ਮਾਨਸਿਕ ਸੰਤਾਪ, ਜਾਤਾਂ-ਪਾਤਾਂ ਅਤੇ ਧਾਰਮਿਕ ਰੂੜੀਆਂ ਦਾ ਖੰਡਨ, ਦਲਿਤ ਚੇਤਨਾ ਆਦਿ ਵਿਸ਼ਿਆਂ ਨੂੰ ਰੰਗਮੰਚ ’ਤੇ ਪੇਸ਼ ਕਰ ਸਮਾਜ ਵਿੱਚ ਜਾਗ੍ਰਿਤੀ ਲਿਆਉਣ ਦਾ ਕਾਰਜ ਕਰਦਾ ਹੈ।

**ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ** ਅਜਮੇਰ ਸਿੰਘ ਔਲਖ ਦੇ ਪੰਜ ਲਘੂ ਨਾਟਕਾਂ ਦਾ ਸੰਗ੍ਰਹਿ ਹੈ। ਇਸ ਨਾਟ ਸੰਗ੍ਰਹਿ ਵਿੱਚ ਲੇਖਕ ਨੇ ਪੇਂਡੂ ਜਨ ਜੀਵਨ ਦੀਆਂ ਯਥਾਰਥਕ ਸਮੱਸਿਆਵਾਂ ਤੇ ਚੁਨੌਤੀਆਂ ਨੂੰ ਆਪਣੇ ਨਾਟਕਾਂ ਦਾ ਆਧਾਰ ਬਣਾਇਆ ਹੈ। ਇਸ ਨਾਟ ਸੰਗ੍ਰਹਿ ਦਾ ਪਹਿਲਾ ਲਘੂ ਨਾਟਕ **ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ** ਹੈ। ਇਸ ਨਾਟਕ ਵਿੱਚ ਔਲਖ ਨੇ ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਜਾਤ-ਪਾਤ ਪਰੰਪਰਾ ਜ਼ੋਰਦਾਰ ਢੰਗ ਨਾਲ ਖੰਡਨ ਕਰਕੇ ਇਨਸਾਨੀਅਤ ਧਰਮ ਦੇ ਅਸਲ ਅਰਥ ਸਮਝਾਉਣ ਦਾ ਯਤਨ ਕੀਤਾ ਹੈ। ਲੇਖਕ ਨੇ ਨਾਟਕ ਵਿੱਚ ਧਰਮ ਦੇ ਠੇਕੇਦਾਰਾਂ ਦੇ ਦੰਭੀ ਚਰਿੱਤਰ ਦਾ ਪਰਦਾਫਾਸ਼ ਕੀਤਾ ਹੈ ਜਿਹੜੇ ਧਾਰਮਿਕ ਅਤੇ ਵਿਆਹ ਸੰਸਥਾ ਦੀ ਆੜ ਵਿੱਚ ਨੌਜਵਾਨਾਂ ਨੂੰ ਮੌਤ ਦੇ ਘਾਟ ਉਤਾਰਨ ਦਾ ਕਾਰਜ ਕਰਦੇ ਹਨ। ਜਦੋਂ ਕਿ ਪੰਜਾਬ ਗੁਰੂਆਂ, ਪੀਰਾਂ, ਫ਼ਕੀਰਾਂ ਦੀ ਪਵਿੱਤਰ ਧਰਤੀ ਹੈ। ਇਹਨਾਂ ਮਹਾਂਪੁਰਸ਼ਾਂ ਨੇ ਪ੍ਰਾਚੀਨ ਕਾਲ ਤੋਂ ਚਲੀਆਂ ਆ ਰਹੀਆਂ ਗੰਧਲੀਆਂ ਧਾਰਮਿਕ ਰੂੜ੍ਹੀਆਂ ਅਤੇ ਧਾਰਨਾਵਾਂ ’ਤੇ ਡੂੰਘੀ ਸੱਟ ਮਾਰ ਕੇ ਇਨਸਾਨੀਅਤ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਇਹਨਾਂ ਮਹਾਂਪੁਰਸ਼ਾਂ ਨੇ ਜਾਤ-ਪਾਤ ਪ੍ਰਣਾਲੀ ਦਾ ਜ਼ੋਰਦਾਰ ਢੰਗ ਨਾਲ ਖੰਡਨ ਕਰਦੇ ਹੋਏ ਲੋਕਾਈ ਅੱਗੇ ਸਰਵ ਸਾਂਝੇ ਇਨਸਾਨੀਅਤ ਧਰਮ ਨੂੰ ਮੰਨਣ ਦਾ ਉਪਦੇਸ਼ ਦਿੱਤਾ। ਪਰ ਇਹ ਸੰਦੇਸ਼ ਸਿਰਫ਼ ਧਾਰਮਿਕ ਪਾਠ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ। ਇਹ ਪ੍ਰਾਚੀਨ ਪਰੰਪਰਾ ਅੱਜ ਦੇ ਆਧੁਨਿਕ ਮਨੁੱਖ ਨੂੰ ਵੀ ਆਪਣੀ ਗਰਿਫ਼ਤ ਵਿੱਚ ਲਈ ਬੈਠੀ ਹੈ। ਧਾਰਮਿਕ ਅਤੇ ਵਿਆਹ ਸੰਸਥਾ ਦੀਆਂ ਇਹ ਰੂੜ੍ਹੀਆਂ ਲੋਕ ਮਾਨਸਿਕਤਾ ਉੱਪਰ ਇੰਨੀਆਂ ਹਾਵੀ ਹੋ ਜਾਂਦੀਆਂ ਹਨ ਕਿ ਜੇਕਰ ਕੋਈ ਨੌਜਵਾਨ ਆਪਣੀ ਜਾਤ ਨੂੰ ਛੱਡ ਕਿਸੇ ਹੋਰ ਜਾਤ ਵਿੱਚ ਵਿਆਹ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ।

ਇਸ ਲਘੂ ਨਾਟਕ ਵਿੱਚ ਹਰਪ੍ਰੀਤ ਕੌਰ ਨਾਂ ਦੀ ਨੌਜਵਾਨ ਕੁੜੀ ਜੋ ਕਾਲਜ ਵਿੱਚ ਪ੍ਰੋਫ਼ੈਸਰ ਲੱਗੀ ਹੈ, ਜਿਸ ਦਾ ਪਰਿਵਾਰ ਜੱਟ ਜਾਤੀ ਨਾਲ ਸਬੰਧ ਰੱਖਣ ਵਾਲਾ ਰਸੂਖ਼ਦਾਰ ਅਤੇ ਅੰਮ੍ਰਿਤਧਾਰੀ ਹੈ। ਉਸ ਦਾ ਇੱਕ ਭਰਾ ਪਿੰਡ ਦੇ ਗੁਰਦੁਆਰੇ ਦਾ ਪ੍ਰਧਾਨ ਹੈ। ਹਰਪ੍ਰੀਤ ਦੇ ਘਰ ਵਾਲੇ ਆਪਣੀ ਜਾਤੀ ਦੇ ਮੁੰਡੇ ਨਰਿੰਦਰ ਸਿੰਘ ਨਾਲ ਉਸ ਦਾ ਵਿਆਹ ਕਰਨਾ ਚਾਹੁੰਦੇ ਹਨ। ਨਰਿੰਦਰ ਅਤੇ ਹਰਪ੍ਰੀਤ ਇਕੱਠੇ ਇੱਕ ਕਾਲਜ ਵਿੱਚ ਪੜ੍ਹੇ ਹੋਏ ਹੋਣ ਕਾਰਨ ਹਰਪ੍ਰੀਤ ਉਸ ਦੇ ਸਭ ਐਬਾਂ ਤੋਂ ਜਾਣੂ ਹੈ ਕਿ ਕਿਵੇਂ ਉਹ ਕਾਲਜ ਵਿੱਚ ਕਲਾਸ ਲਗਵਾਉਣ ਦੀ ਥਾਂ ਕੰਟੀਨ ਵਿੱਚ ਸ਼ਰਾਬਾਂ ਪੀਂਦਾ ਸੀ। ਉਹ ਕਾਲਜ ਵਿੱਚ ਲੜਾਈ-ਝਗੜੇ ਅਤੇ ਕੁੜੀਆਂ ਨੂੰ ਛੇੜਨ ਵਰਗੇ ਘਿਣਾਉਣੇ ਕੰਮ ਕਰਦਾ ਸੀ। ਭਾਵੇਂ ਨਰਿੰਦਰ ਪਰਿਵਾਰ ਦੇ ਰਾਜਨੀਤਿਕ ਪਿਛੋਕੜ ਤੇ ਪਹੁੰਚ ਕਾਰਨ ਪੁਲਿਸ ਵਿੱਚ ਠਾਣੇਦਾਰ ਲੱਗ ਜਾਂਦਾ ਹੈ ਪਰ ਇਸ ਦੇ ਬਾਵਜੂਦ ਹਰਪ੍ਰੀਤ ਉਸ ਨਾਲ ਵਿਆਹ ਨਹੀਂ ਕਰਵਾਉਣਾ ਚਾਹੁੰਦੀ। ਕਿਉਂਕਿ ਹਰਪ੍ਰੀਤ ਆਪਣੀ ਸੋਚ ਦੇ ਹਾਣੀ ਦਲਿਤ ਜਾਤੀ ਚਮਿਆਰ ਨਾਲ ਸੰਬੰਧ ਰੱਖਣ ਵਾਲੇ ਪ੍ਰੋਫ਼ੈਸਰ ਮੁੰਡੇ ਨਾਲ ਵਿਆਹ ਕਰਵਾਉਣ ਦੀ ਇੱਛਾ ਰੱਖਦੀ ਹੈ। ਦਰਅਸਲ ਉਹ ਗੁਰਬਾਣੀ ਅਤੇ ਸਿੱਖੀ ਸਿਧਾਂਤਾਂ ਨੂੰ ਅਮਲੀ ਜੀਵਨ ਵਿੱਚ ਗ੍ਰਹਿਣ ਕਰ ਜਾਤ-ਪਾਤ ਦੇ ਬੰਧਨਾ ਨੂੰ ਤੋੜਨਾ ਚਾਹੁੰਦੀ ਹੈ। ਇਸ ਤੱਥ ਦਾ ਪ੍ਰਮਾਣ ਸਾਨੂੰ ਉਸ ਦੁਆਰਾ ਆਪਣੇ ਮਾਮੇ ਗੁਰਪਾਲ ਸਿੰਘ ਨਾਲ ਕੀਤੀ ਤਰਕਵਾਦੀ ਬਹਿਸ ਤੋਂ ਮਿਲਦਾ ਹੈ ਜੋ ਆਪਣੇ ਆਪ ਨੂੰ ਗੁਰਬਾਣੀ ਦਾ ਗਿਆਤਾ ਅਤੇ ਸਿੱਖ ਫ਼ਿਲਾਸਫ਼ੀ ਦਾ ਧਾਰਨੀ ਹੋਣ ਦਾ ਦਾਅਵਾ ਕਰਦਾ ਹੈ। ਉਹ ਆਪਣੀ ਸੌੜੀ ਸੋਚ ਕਾਰਨ ਜਾਤ-ਪਾਤ ਅਤੇ ਸਮਾਜਿਕ ਨਾ-ਬਰਾਬਰੀ ਨੂੰ ਸਹੀ ਠਹਿਰਾਉਂਦਾ ਹੈ-

***ਜਰਨੈਲ : ਵੇ ਬਾਈ, ਕਿਸੇ ਬਾਹਰਲੀ ਜਾਤ ਦੇ ਮੁੰਡੇ ਨਾਲ ਸ਼ਾਦੀ ਰਚਾਉਣ ਨੂੰ ਫਿਰਦੀ ਐ!***

***ਹਰਪ੍ਰੀਤ : ਮਾਮਾ ਜੀ, ਤੁਸੀਂ ਦੱਸੋ ਸਿੱਖੀ ਅੰਦਰ ਅੰਦਰਲੀ ਜਾਤ ਕਿਹੀ ਤੇ ਬਾਹਰਲੀ ਕਿਹੀ?***

***ਗੁਰਪਾਲ : ਕੋਈ ਅੰਦਰਲੀ ਨਹੀਂ, ਕੋਈ ਬਾਹਰਲੀ ਨਹੀਂ। ਦਸਮ ਪਿਤਾ ਦਾ ਹੁਕਮ ਹੈ:***

***ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ।***

***ਹਰਪ੍ਰੀਤ : ਫੇਰ ਸਮੱਸਿਆ ਕੀ ਹੈ? ਜਦੋਂ ਇਸ ਵਿਚਾਰ ਨੂੰ ਕੋਈ ਅਮਲੀ ਜਾਮਾ ਪਹਿਨਾਉਣ ਲਗਦਾ ਹੈ ਤਾਂ ਹਾਹਾਕਾਰ ਕਿਉਂ ਮੱਚਦੀ ਜਾਂਦੀ ਐ!***

***ਗੁਰਪਾਲ : ਹਾਹਾਕਾਰ ਉਦੋਂ ਮੱਚਦੀ ਐ ਭਾਣਜੇ ਜਦੋਂ ਅਸੀਂ ਅਧਿਆਤਮਵਾਦ ਦੀਆਂ ਗੱਲਾਂ ਪਦਾਰਥਵਾਦ ਨਾਲ ਜੋੜ ਲੈਂਦੇ ਹਾਂ। ਅਧਿਆਤਮਕ ਸੰਬੰਧਾਂ ਨੂੰ ਦੁਨਿਆਵੀ ਸੰਬੰਧ ਸਮਝਣ ਦੀ ਭੁੱਲ ਕਰ ਬੈਠਦੇ ਹਾਂ। ਅਧਿਆਤਮਕ ਪੱਧਰ ਤੇ ਮਨੁੱਖ ਦੀ ਜਾਤ ਨਹੀਂ, ਕੋਈ ਸੁਨਾਤ ਨਹੀਂ ਪਰ ਦੁਨਿਆਵੀ ਪੱਧਰ ਤੇ.....!***

***ਹਰਪ੍ਰੀਤ : (ਵਿਅੰਗ ਨਾਲ ਉਸ ਦੀ ਗੱਲ ਪੂਰਦੀ) 'ਜਾਤ ਵੀ ਹੈ, ਸੁਨਾਤ ਵੀ ਹੈ।' ਵਾਹ ਮਾਮਾ ਜੀ ਮਹਾਰਾਜ! ਗੁਰਬਾਣੀ ਨੂੰ ਸਮਾਜ ਨਾਲੋਂ ਤੋੜਨਾ ਕੋਈ ਤੁਹਾਥੋਂ ਸਿੱਖੇ! 'ਅੱਖਾਂ ਮੀਚ ਕੇ ਵਾਹਗੁਰੂ-ਵਾਹਗੁਰੂ ਕਰੀ ਜਾਉ ਚੱਤੋ ਪਹਿਰ।' ਜਦੋਂ ਕੋਈ ਉਸ 'ਤੇ ਚੱਲਣ ਦੀ ਕੋਸ਼ਿਸ਼ ਕਰੇ ਤਾਂ ਡੈਂਡਕੇ ਲੈ ਕੇ ਪੈ-ਜੋ ਉਸ ਗੁਰਸਿੱਖ ਮਗਰ![3]***

ਇਸ ਲਘੂ ਨਾਟਕ ਵਿੱਚ ਲੇਖਕ ਸਮਾਜਿਕ ਨਾ-ਬਰਾਬਰੀ ਅਤੇ ਜਾਤ-ਪਾਤ ਉੱਪਰ ਕਟਾਖਸ਼ ਕਰ, ਸਮਾਜ ਵਿੱਚ ਫੈਲੀਆਂ ਸਮਾਜਿਕ ਵਿਸੰਗਤੀਆਂ ਨੂੰ ਦੂਰ ਕਰ, ਧਾਰਮਿਕ ਰੂੜੀਆਂ ਨੂੰ ਬਦਲਣ ਪ੍ਰਤੀ ਅਗਰਸਰ ਨਜ਼ਰ ਆਉਂਦਾ ਹੈ। ਨਾਟਕ ਵਿੱਚ ਦਲਿਤ ਜਾਤੀ ਦੇ ਘਰ ਵਾਲੇ ਚਾਹੇ ਆਰਥਿਕਤਾ ਪੱਖੋਂ ਮਜ਼ਬੂਤ ਅਤੇ ਪੂਰਨ ਗੁਰ ਸਿੱਖ ਹਨ, ਪਰ ਹਰਪ੍ਰੀਤ ਦੇ ਘਰ ਵਾਲੇ ਫੇਰ ਵੀ ਉਸ ਦਾ ਵਿਆਹ ਉਸ ਦਲਿਤ ਜਾਤੀ ਦੇ ਮੁੰਡੇ ਨਾਲ ਨਹੀਂ ਕਰਨਾ ਚਾਹੁੰਦੇ। ਕਿਉਂਕਿ ਉਹ ਲਿਆਕਤ ਨਾਲੋਂ ਜਾਤ ਨੂੰ ਜਿਆਦਾ ਪ੍ਰਾਥਮਿਕਤਾ ਦਿੰਦੇ ਹਨ। ਜਿਸ ਸਮੇਂ ਹਰਪ੍ਰੀਤ ਆਪਣੀ ਮਾਂ ਨੂੰ ਆਪਣੇ ਪਸੰਦ

ਕੀਤੇ ਮੁੰਡੇ ਬਾਰੇ ਦੱਸ ਰਹੀ ਹੁੰਦੀ ਹੈ ਤਾਂ ਉਸ ਦੀ ਮਾਂ ਮੁੰਡੇ ਦੀ ਨੌਕਰੀ, ਉਹਨਾਂ ਦੀ ਆਪਸ ਵਿੱਚ ਮਿਲਦੀ ਅਗਾਂਹਵਧੂ ਸੋਚ, ਰੂਹ ਦੇ ਹਾਣੀ ਅਤੇ ਪੂਰਨ ਸਿੱਖ ਹੋਣ ਨਾਲ ਕੋਈ ਮਤਲਬ ਨਾ ਹੋ ਕੇ ਸਿਰਫ਼ ਉਸ ਦੀ ਜਾਤ ਪੁੱਛਣ ਤੱਕ ਹੀ ਮਤਲਬ ਰੱਖਦੀ ਨਜ਼ਰ ਆਉਂਦੀ ਹੈ।

**ਕਲਖ਼-ਹਨੇਰੇ** ਕੰਨਿਆ ਭਰੂਣ ਹੱਤਿਆ ਅਤੇ ਨਾਰੀ ਚੇਤਨਾ ਉੱਪਰ ਆਧਾਰਿਤ ਲਘੂ ਨਾਟਕ ਹੈ ਜਿਸ ਵਿੱਚ ਸਮਾਜ ਦੀਆਂ ਪੁਰਾਣੀਆਂ ਰਹੁ-ਰੀਤਾਂ ਨੂੰ ਸੱਟ ਮਾਰ, ਜੜ੍ਹੋਂ ਉੱਖੜਨ ਦਾ ਯਤਨ ਕੀਤਾ ਗਿਆ ਹੈ। ਪ੍ਰਾਚੀਨ ਕਾਲ ਤੋਂ ਭਾਰਤੀ ਅਤੇ ਪੰਜਾਬੀ ਸਮਾਜ ਵਿੱਚ ਜਾਗੀਰਦਾਰੀ ਪ੍ਰਥਾ ਦਾ ਬੋਲ ਬਾਲਾ ਰਿਹਾ ਹੈ। ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦਾ ਸਥਾਨ ਦੁਜੈਲਾ ਹੋਣ ਕਾਰਨ ਉਸ ਦੀ ਸਥਿਤੀ ਹਾਸ਼ੀਆਗ੍ਰਸਤ ਅਤੇ ਨਿੰਦਣਯੋਗ ਰਹੀ ਹੈ। ਔਰਤ ਨੂੰ ਦਾਸੀ ਵਾਂਗ ਘਰ ਦੇ ਕੰਮ ਅਤੇ ਬੱਚੇ ਪੈਦਾ ਕਰਨ, ਖ਼ਾਸ ਕਰਕੇ ਮੁੰਡਾ ਪੈਦਾ ਕਰਨ ਤੱਕ ਸੀਮਿਤ ਕਰਕੇ ਚਾਰ ਦੀਵਾਰੀ ਵਿੱਚ ਕੈਦ ਕਰ ਦਿੱਤਾ ਗਿਆ। ਜਾਗੀਰਦਾਰੀ ਪ੍ਰਥਾ ਦੇ ਖ਼ਾਤਮੇ ਤੋਂ ਬਾਅਦ ਉਹੀ ਪੁਰਾਣੀਆਂ ਰਹੁ-ਰੀਤਾਂ ਅੱਜ ਵੀ ਸਮਾਜ ਦੀ ਮਾਨਸਿਕਤਾ ਉੱਪਰ ਹਾਵੀ ਹਨ। ਜਿਸ ਕਾਰਨ ਅੱਜ ਤੱਕ ਔਰਤ ਨੂੰ ਉਸ ਦਾ ਬਣਦਾ ਸਤਿਕਾਰਤ ਸਥਾਨ ਪ੍ਰਾਪਤ ਨਾ ਹੋ ਸਕਿਆ। ਔਰਤ ਅੱਜ ਵੀ ਮਰਦ ਪ੍ਰਧਾਨ ਸਮਾਜ ਵਿੱਚ ਪਿਸ ਰਹੀ ਹੈ ਅਤੇ ਆਪਣੇ ਸੁਪਨਿਆਂ ਤੇ ਇੱਛਾਵਾਂ ਨੂੰ ਮਾਰ ਰਹੀ ਹੈ। ਉਸ ਨੂੰ ਨਾ ਚਾਹੁੰਦਿਆਂ ਵੀ ਮਰਦ ਪ੍ਰਧਾਨ ਸਮਾਜ ਦੀਆਂ ਪੁਰਾਣੀਆਂ ਰਹੁ-ਰੀਤਾਂ ਨੂੰ ਮੰਨਣਾ ਪੈ ਰਿਹਾ ਹੈ। ਜੇਕਰ ਕੋਈ ਅਗਾਂਹਵਧੂ ਅਤੇ ਆਜ਼ਾਦ ਖ਼ਿਆਲਾਂ ਦੀ ਧਾਰਨੀ ਔਰਤ ਇਹਨਾਂ ਪੁਰਾਣੀਆਂ ਰਹੁ-ਰੀਤਾਂ ਵਿਰੁੱਧ ਆਵਾਜ਼ ਉਠਾਉਂਦੀ ਹੋਈ ਸੰਘਰਸ਼ ਦਾ ਰਸਤਾ ਅਖ਼ਤਿਆਰ ਕਰਦੀ ਹੈ ਤਾਂ ਉਸ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪੈਂਦਾ ਹੈ।

ਨਾਟਕ ਵਿੱਚ ਪ੍ਰਗਤੀਸ਼ੀਲ ਵਿਚਾਰਾਂ ਦੀ ਧਾਰਨੀ ਬਲਦੀਪ ਕੌਰ ਜੋ ਪੇਸ਼ੇ ਵਜੋਂ ਇੱਕ ਅਧਿਆਪਕਾ ਹੈ ਅਤੇ ਦੋ ਕੁੜੀਆਂ ਨਵਜੋਤ ਅਤੇ ਗੁਰਜੋਤ ਦੀ ਮਾਂ ਹੈ। ਉਸ ਦਾ ਪਤੀ ਜਗਸੀਰ ਤੀਸਰੀ ਵਾਰ ਗਰਭਵਤੀ ਬਲਦੀਪ ਕੌਰ ਨੂੰ ਫ਼ਿਲਮ ਦਿਖਾਉਣ ਦੇ ਬਹਾਨੇ ਅਲਟਰਾ-ਸਾਊਂਡ ਕਰਵਾਉਣਾ ਚਾਹੁੰਦਾ ਹੈ। ਜੇਕਰ ਇਸ ਚੈੱਕ-ਅੱਪ ਦੌਰਾਨ ਤੀਸਰੀ ਕੁੜੀ ਗਰਭ ਵਿੱਚ ਹੋਈ ਤਾਂ ਉਸ ਦਾ ਅਬੋਰਸ਼ਨ ਕਰਵਾ ਦੇਵੇਗਾ ਜਿਵੇਂ ਪਹਿਲੀ ਕੁੜੀ ਨਵਜੋਤ ਦੇ ਜਨਮ ਤੋਂ ਪਹਿਲਾਂ ਕਰਵਾਇਆ ਸੀ। ਇਸ ਵਾਰ ਬਲਦੀਪ ਕੌਰ ਚੈੱਕ-ਅੱਪ ਕਰਵਾਉਣ ਤੋਂ ਮਨ੍ਹਾ ਕਰ ਦਿੰਦੀ ਹੈ ਪਰ ਉਸ ਦਾ ਪਤੀ ਆਤਮਦਾਹ ਕਰਨੀ ਦੀ ਧਮਕੀ ਦੇ ਕੇ ਉਸ ਨੂੰ ਹਸਪਤਾਲ ਜਾਣ ਲਈ ਰਾਜ਼ੀ ਕਰ ਲੈਂਦਾ ਹੈ। ਵਰਕਸ਼ਾਪ ਤੋਂ ਸਕੂਟਰ ਲੈਣ ਗਏ ਪਤੀ ਤੋਂ ਬਾਅਦ ਬਲਦੀਪ ਅਤੇ ਉਸ ਦੀ ਅੰਤਰ ਆਤਮਾ ਵਿਚਕਾਰ ਬਹਿਸ ਹੁੰਦੀ ਹੈ। ਉਸ ਦੀ ਅੰਤਰ ਆਤਮਾ ਇਨਸਾਨੀਅਤ ਅਤੇ ਇੱਕ ਚੰਗੇ ਉਸਾਰੂ ਸਮਾਜ ਦੇ ਨਿਰਮਾਣ ਲਈ ਅੱਗੇ ਆਉਣ ਲਈ ਪ੍ਰੇਰ ਰਹੀ ਹੈ-

***ਬਲਦੀਪ :(ਬੇਵਸੀ ਵਿੱਚ ਉੱਚੀ ) ਫੇਰ ਮੈਂ ਕੀ ਕਰ ਸਕਦੀ ਐਂ? ਮੈਂ ਇੱਕ ਔਰਤ ਐਂ। ਮਰਦ ਸਹਾਰੇ ਜਿਊਣ ਵਾਲ਼ੀ।***

***ਅੰਤਰ-ਆਤਮਾ : ਕਿਉਂ ਜਿਵੇਂ ਤੂੰ ਮਰਦ ਦੇ ਸਹਾਰੇ? ਆਰਥਿਕ ਤੌਰ 'ਤੇ ਤੂੰ ਆਪਣੇ ਪੈਰਾਂ ਤੇ ਖੜ੍ਹੀ ਐਂ। ਕੁਦਰਤ ਨੇ ਵੱਖਰੀ ਤੇ ਆਜ਼ਾਦ ਹਸਤੀ ਬਣਾਈ ਐ ਤੇਰੀ।***

***ਬਲਦੀਪ : ਫੇਰ ਕੀ ਕਰਾਂ ਮੈਂ?***

***ਅੰਤਰ-ਆਤਮਾ : ਉਹੀ ਕਰ ਜੋ ਤੇਰੀ ਅੰਤਰ ਆਤਮਾ ਆਖਦੀ ਐ। ਉਹ ਹੀ ਕਰ ਇਨਸਾਨੀਅਤ ਆਖਦੀ ਐ।***

ਨਾਟਕ ਵਿੱਚ ਔਲਖ ਸਮਾਜ ਦੇ ਇਸ ਮਹੱਤਵਪੂਰਨ ਪੱਖ ਦੀ ਵਾਸਤਵਿਕ ਤਸਵੀਰ ਪੇਸ਼ ਕਰਦਾ ਹੈ ਕਿ ਔਰਤ ਦੀ ਦੁਰਦਸ਼ਾ ਪਿੱਛੇ ਬਹੁਤਾ ਹੱਥ ਔਰਤ ਦਾ ਹੀ ਹੁੰਦਾ ਹੈ। ਔਰਤ ਦੀ ਦੁਸ਼ਮਣ ਔਰਤ ਹੀ ਬਣਦੀ ਹੈ। ਇੱਕ ਔਰਤ ਹੀ ਦੂਸਰੀ ਔਰਤ ਨੂੰ ਪੁਰਾਣੀਆਂ ਰਹੁ-ਰੀਤਾਂ ਅਤੇ ਪਰੰਪਰਾਵਾਂ ਉੱਪਰ ਚੱਲਣ ਤੇ ਮੰਨਣ ਲਈ ਮਜਬੂਰ ਕਰਦੀ ਹੈ। ਜਿਵੇਂ ਇਸ ਲਘੂ ਨਾਟਕ ਵਿੱਚ ਬਲਦੀਪ ਕੌਰ ਦੀ ਸੱਸ ਗੁਰਦੇਵ ਕੌਰ ਆਪਣੀਆਂ ਦੋਵੇਂ ਪੋਤੀਆਂ ਨੂੰ 'ਪੱਥਰ' ਦੱਸਦੀ ਹੈ ਅਤੇ ਅਲਟਰਾ-ਸਾਊਂਡ ਕਰਵਾਉਣ ਲਈ ਬਲਦੀਪ ਉੱਪਰ ਦਬਾਅ ਬਣਾਉਂਦੀ ਹੈ। ਪੁਰਾਣੀਆਂ ਮਾਨਤਾਵਾਂ ਹੇਠ ਦੱਬੀ ਗੁਰਦੇਵ ਕੌਰ ਨੂੰ ਲਗਦਾ ਹੈ ਕਿ ਮਰਦ ਕਦੇ ਗ਼ਲਤ ਫ਼ੈਸਲਾ ਨਹੀਂ ਲੈ ਸਕਦੇ। ਨਿੱਤ ਗੁਰਦੁਆਰੇ ਜਾਣ ਵਾਲੀ ਅਤੇ ਧਾਰਮਿਕ ਪ੍ਰਵਿਰਤੀ ਵਾਲੀ ਹੋਣ ਦੇ ਬਾਵਜੂਦ ਵੀ ਉਹ ਗੁਰੂ ਨਾਨਕ ਦੇਵ ਜੀ ਦੁਆਰਾ ਔਰਤ ਦਾ ਦਰਜਾ ਉੱਚਾ ਚੁੱਕਣ ਲਈ ਦਿੱਤੇ ਹੱਕ ਦੇ ਨਾਅਰੇ ਨੂੰ ਸਮਝਣ ਤੋਂ ਅਸਮਰੱਥ ਜਾਪਦੀ ਹੈ-

***ਨਵਜੋਤ :(ਹੱਸਦੀ) ਵਾਹ ਦਾਦੀ ਜੀ ਵਾਹ! ਸੁਣਨੇ ਪਾਠ ਤੇ ਕੰਮ ਕਰਨੇ ਆਹ! ਦੋਏਂ ਵੇਲ਼ੇ ਗੁਰਦੁਆਰੇ ਜਾਨੇ ਓਂ, ਐਈਂ ਪਤਾ ਨਹੀਂ ਬਈ ਬਾਣੀ ਵਿਚ ਭੰਡ ਕਿਸ ਨੂੰ ਕਿਹਾ ਗਿਐ। ਮਾਨਯੋਗ ਦਾਦੀ ਜੀ! ਭੰਡ ਦਾ ਮਤਲਬ ਐ 'ਇਸਤਰੀ'। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਇਸਤਰੀ ਨੂੰ ਬੜਾ ਉੱਚਾ ਦਰਜਾ ਦਿੱਤੈ।***

***ਗੁਰਦੇਵ :ਹਾਅ ਦਿੱਤੈ ਉੱਚਾ ਦਰਜਾ! ਬਾਬਾ ਨਾਨਕ ਤੇਰੀ ਤੇਰੀ ਮਾਂ ਵਰਗਾ ਕਮਲ਼ਾ ਸੀ ਬਈ ਗੱਲ ਗੱਲ 'ਤੇ ਤੀਵੀਆਂ ਪੱਖ ਪੂਰੂ! ਖ਼ਬਰਦਾਰ! ਜੇ ਬਾਣੀ ਨੂੰ ਇਹਨਾਂ ਗੱਲਾਂ ਨਾਲ਼ ਜੋੜਿਆ ਤਾਂ! ਸਿੱਧੀ ਪੜ੍ਹਾਈ ਕਰਿਆ ਕਰ ਆਵਦੀ! ਅਖੇ 'ਬਾਬਾ ਨਾਨਕ ਜੀ ਇਹ ਆਖਦੇ ਨੇ, ਬਾਬਾ ਨਾਨਕ ਜੀ ਅਹੁ ਆਖਦੇ ਨੇ।***[6]

ਇਸ ਲਘੂ ਨਾਟਕ ਵਿੱਚ ਲੇਖਕ ਨੇ ਸਮਾਜਿਕ ਵਿਵਸਥਾ ਵਿੱਚ ਵਿਆਪਤ ਕੁੜੀ-ਮੁੰਡੇ ਦੇ ਪਾੜੇ ਨੂੰ ਵਧਾਉਣ ਜਾਂ ਮਿਟਾਉਣ ਵਿੱਚ ਪੜ੍ਹੇ ਲਿਖੇ ਅਤੇ ਬੁੱਧੀਜੀਵੀ ਵਰਗ ਦੁਆਰਾ ਨਿਭਾਈ ਗਈ ਭੂਮਿਕਾ ਨੂੰ ਉਜਾਗਰ ਕੀਤਾ ਹੈ। ਲੇਖਕ ਭਰੂਣ ਹੱਤਿਆ ਜਿਹੀ ਬੁਰਾਈ ਦੇ ਵਧਣ ਫੁੱਲਣ ਵਿੱਚ ਡਾਕਟਰ ਅਤੇ ਪੁਲਸੀਆ ਪੇਸ਼ੇ ਨਾਲ ਜੁੜੇ ਕੁਝ ਲੋਕਾਂ ਨੂੰ ਬਰਾਬਰ ਦਾ ਭਾਗੀਦਾਰ ਸਮਝਦਾ ਹੈ ਕਿਉਂਕਿ ਇਹ ਲੋਕ ਧੀਆਂ ਨੂੰ ਕੁੱਖ ਵਿੱਚ ਮਾਰਨ ਵਾਲੀ ਸੌੜੀ ਮਾਨਸਿਕਤਾ ਵਾਲੇ ਲੋਕਾਂ ਦਾ ਲਾਲਚ ਵਸ ਨਾਜਾਇਜ਼ ਢੰਗ ਨਾਲ ਸਾਥ ਦਿੰਦੇ ਹਨ। ਦੂਸਰੇ ਪਾਸੇ ਮਾਸਟਰ ਮਨਿੰਦਰ ਸਿੰਘ ਜਿਹੇ ਸੂਝਵਾਨ ਅਧਿਆਪਕ ਹਨ ਜਿਹੜੇ ਆਪਣੇ ਵਿਦਿਆਰਥੀਆਂ ਨੂੰ ਸਮਾਜ ਬਾਰੇ ਅਸਲ ਗਿਆਨ ਦੇ ਕੇ ਉਨ੍ਹਾਂ ਨੂੰ ਜਾਗਰੂਕ ਕਰਦੇ ਹਨ ਅਤੇ ਸਮਾਜ ਦੀਆਂ ਪੁਰਾਣੀਆਂ ਰਹੁ-ਰੀਤਾਂ ਨੂੰ ਜੜ੍ਹੋਂ ਪੁੱਟਣ ਲਈ ਰਾਹ ਦਸੇਰੇ ਬਣਦੇ ਹਨ। ਇਸ ਤਰ੍ਹਾਂ ਨਾਟਕਕਾਰ ਇੱਕ ਚੰਗੇ ਅਧਿਆਪਕ ਦੀ ਸਮਾਜ ਵਿੱਚ ਭੂਮਿਕਾ ਨੂੰ ਵੀ ਰੂਪਮਾਨ ਕਰਦਾ ਹੈ।

**ਲੋਹੇ ਦਾ ਪੁੱਤ** ਨਾਟਕ ਪੰਜਾਬੀ ਕਵਿਤਾ ਦੀ ਜੁਝਾਰਵਾਦੀ ਲਹਿਰ ਦੇ ਸਿਰਮੌਰ ਕਵੀ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਉੱਤੇ ਆਧਾਰਿਤ ਹੈ। ਇਹਨਾਂ ਕਵਿਤਾਵਾਂ ਵਿੱਚ ਅਵਤਾਰ ਸਿੰਘ ਪਾਸ਼ ਨੇ ਸਮਾਜ ਦੀ ਦੁਸ਼ਮਣ

ਤੇ ਕਾਬਜ਼ ਧਿਰ ਨੂੰ ਸਬਕ ਸਿਖਾਉਣ ਲਈ ਪ੍ਰੇਰਿਤ ਕਰਨ ਦਾ ਸਰਵ ਸਾਂਝਾ ਸੰਦੇਸ਼ ਆਮ ਜਨ-ਮਾਨਸ ਨੂੰ ਦਿੱਤਾ ਹੈ। ਕਿਉਂਕਿ ਭਾਰਤੀ ਸਮਾਜ ਦੀ ਸੰਰਚਨਾ ਬੇਹੱਦ ਜਟਿਲ ਅਤੇ ਪੁਰਾਤਨ ਹੈ। ਇਸ ਦਾ ਕਾਰਨ ਇੱਥੋਂ ਦੀ ਭੂਗੋਲਿਕ ਅਤੇ ਸਭਿਆਚਾਰਕ ਸਥਿਤੀ ਹੈ। ਭਾਰਤ ਦਾ ਪ੍ਰਵੇਸ਼ ਦੁਆਰ ਹੋਣ ਕਾਰਨ ਇਸ ਧਰਤੀ 'ਤੇ ਵੱਖ-ਵੱਖ ਬਾਹਰੀ ਜਾਤਾਂ ਅਤੇ ਨਸਲਾਂ ਦੇ ਲੋਕ ਵੱਸਦੇ ਹਨ। ਇਸ ਲਈ ਇੱਥੋਂ ਦੇ ਸਮਾਜ ਵਿੱਚ ਨਸਲ, ਧਰਮ ਆਦਿ ਦੇ ਆਧਾਰਤ ਕਾਫ਼ੀ ਵਖਰੇਵਾਂ ਪਾਇਆ ਜਾਂਦਾ ਹੈ। ਇਸ ਬਹੁਭਾਂਤੀ ਸਮਾਜ ਵਿੱਚ ਕਈ ਪ੍ਰਕਾਰ ਦੀਆਂ ਸ਼੍ਰੇਣੀਆਂ ਦਾ ਆਗਮਨ ਹੋ ਗਿਆ। ਇੱਕ ਸ਼੍ਰੇਣੀ ਪਾਸ ਸਮਾਜ ਉੱਪਰ ਰਾਜ ਕਰਨਾ ਅਤੇ ਦੂਸਰੀ ਸ਼੍ਰੇਣੀ ਪਾਸ ਰਾਜ ਕਰਦੀ ਸ਼੍ਰੇਣੀ ਦੀ ਸੇਵਾ ਕਰਨ ਦਾ ਕੰਮ ਹਿੱਸੇ ਪਾਇਆ ਗਿਆ। ਰਾਜ ਕਰਦੀ ਉੱਚ ਸ਼੍ਰੇਣੀ ਨੇ ਨਿਮਨ ਸ਼੍ਰੇਣੀ ਨੂੰ ਬਣਦਾ ਸਤਿਕਾਰਤ ਸਥਾਨ ਅਤੇ ਉਹਨਾਂ ਦੇ ਹੱਕ ਨਾ ਦੇ ਕੇ ਹਮੇਸ਼ਾ ਹੀ ਹਾਸ਼ੀਏ ਉੱਤੇ ਰੱਖ ਕੇ ਸ਼ੋਸ਼ਣ ਕੀਤਾ ਹੈ। ਨਿਮਨ ਸ਼੍ਰੇਣੀ ਦੇ ਲੋਕਾਂ ਨੂੰ ਦਲਿਤ ਦਾ ਦਰਜਾ ਦਿੱਤਾ ਗਿਆ। ਸਾਹਿਤ ਵਿੱਚ ਦਲਿਤ ਪਿੱਛੜੇ ਤੇ ਨਿਮਨ ਕਿਸਾਨੀ ਦੇ ਲੋਕਾਂ ਦਾ ਜੀਵਨ ਵੱਡੇ ਪੱਧਰ ਤੇ ਪੇਸ਼ ਹੋਇਆ ਹੈ। ਔਲਖ ਯਥਾਰਥਵਾਦੀ ਨਾਟਕਕਾਰ ਹੋਣ ਕਾਰਨ ਦਲਿਤਾਂ ਨਾਲ ਹੋਣ ਵਾਲੇ ਭੇਦਭਾਵ ਵਰਗੇ ਸੰਵੇਦਨਸ਼ੀਲ ਵਿਸ਼ੇ ਨੂੰ ਆਲੋਚਨਾਤਮਿਕ ਰੂਪ ਵਿੱਚ ਪੇਸ਼ ਕਰ ਦਲਿਤ ਚੇਤਨਾ ਦੀ ਹਾਮੀ ਭਰਦਾ ਹੈ। ਉਸ ਨੇ ਆਪਣੀਆਂ ਨਾਟ ਕ੍ਰਿਤਾਂ ਵਿੱਚ ਦਲਿਤਾਂ ਦੇ ਸੰਘਰਸ਼ ਅਤੇ ਤ੍ਰਾਸਦਮਈ ਜੀਵਨ ਨੂੰ ਭਰਪੂਰ ਮਾਤਰਾ ਵਿੱਚ ਪੇਸ਼ ਕੀਤਾ ਹੈ। ਜਿੱਥੇ ਉੱਚ ਸ਼੍ਰੇਣੀ ਨੇ ਦਲਿਤਾਂ ਦੀ ਆਰਥਿਕ, ਰਾਜਨੀਤਕ, ਧਾਰਮਿਕ ਤੌਰ ਤੇ ਲੁੱਟ ਕਰਕੇ ਉਹਨਾਂ ਦਾ ਸ਼ੋਸ਼ਣ ਕੀਤਾ, ਉੱਥੇ ਹੀ ਮਾਨਸਿਕ ਤੌਰ ਤੇ ਵੀ ਉਹਨਾਂ ਨੂੰ ਆਪਣਾ ਗ਼ੁਲਾਮ ਬਣਾਇਆ। ਇਹਨਾਂ ਕਾਰਨਾਂ ਕਰਕੇ ਦਲਿਤ ਲੋਕਾਂ ਦਾ ਸਥਾਨ ਸਮਾਜ ਵਿੱਚ ਨਿਮਨ ਹੀ ਰਿਹਾ ਅਤੇ ਜਿਨ੍ਹਾਂ ਚੇਤਨ ਲੋਕਾਂ ਨੇ ਸਮਾਜਿਕ ਸੁਰੱਖਿਆ ਪ੍ਰਤੀ ਜਾਗਰੂਕਤਾ ਲਿਆਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੂੰ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

**ਲੋਹੇ ਦਾ ਪੁੱਤ** ਨਾਟਕ ਦਾ ਮੁੱਖ ਪਾਤਰ ਬਰਛਾ ਦਲਿਤ ਜਾਤੀ ਨਾਲ ਸਬੰਧ ਰੱਖਦਾ ਹੈ। ਨਾਟਕ ਵਿੱਚ ਉਹ ਚੇਤਨ ਨੌਜਵਾਨ ਦੇ ਤੌਰ ਤੇ ਪੇਸ਼ ਹੋਇਆ ਹੈ ਜੋ ਹਰ ਹਾਲਤ ਵਿੱਚ ਆਪਣੇ ਹੱਕਾਂ ਨੂੰ ਹਾਸਲ ਕਰਨ ਪ੍ਰਤੀ ਜਾਗਰੂਕ ਹੈ। ਉਹ ਸਮੇਂ ਦੀ ਕਾਬਜ਼ ਧਿਰ ਨਾਲ ਟੱਕਰ ਲੈਂਦਾ ਹੈ। ਸਾਧਾ ਇੱਕ ਨਿਮਨ ਕਿਸਾਨੀ ਨਾਲ ਸੰਬੰਧ ਰੱਖਦਾ ਜੱਟ ਹੈ ਪਰ ਘੱਟ ਜ਼ਮੀਨ ਹੋਣ ਕਰਕੇ ਉਸ ਦਾ ਵਿਆਹ ਆਪਣੀ ਜਾਤ ਵਿੱਚ ਨਾ ਹੋ ਸਕਿਆ ਜਿਸ ਕਾਰਨ ਉਸ ਨੂੰ ਇੱਕ ਚੂਹੜਾ ਦਲਿਤ ਜਾਤੀ ਦੀ ਔਰਤ ਨਾਲ ਵਿਆਹ ਕਰਵਾਉਣਾ ਪੈਂਦਾ ਹੈ ਅਤੇ ਉਸ ਔਰਤ ਨਾਲ ਪਹਿਲੇ ਪਤੀ ਦਾ ਮੁੰਡਾ 'ਬਰਛਾ' ਵੀ ਨਾਲ ਆਉਂਦਾ ਹੈ। ਬਰਛੇ ਅਤੇ ਉਸ ਦੀ ਮਾਂ ਨੂੰ ਜੱਟ ਸਮਾਜ ਆਪਣੀ ਜਾਤ ਵਿੱਚ ਨਹੀਂ ਅਪਣਾਉਂਦਾ। ਜਿਸ ਕਾਰਨ ਬਰਛੇ ਨੂੰ ਸਮਾਜ ਵਿੱਚ ਕਾਫ਼ੀ ਜਿਆਦਾ ਤ੍ਰਿਸਕਾਰ ਦਾ ਸਾਹਮਣਾ ਕਰਨਾ ਪੈਂਦਾ ਹੈ। 'ਚੂਹੜੀ ਦਾ ਪੁੱਤ' ਵਾਲਾ ਮਿਹਣਾ ਉਸ ਦਾ ਪਿੱਛਾ ਹਰ ਸਮੇਂ ਕਰਦਾ ਰਹਿੰਦਾ ਹੈ। ਇਸ ਪ੍ਰਕਾਰ ਦੇ ਤ੍ਰਿਸਕਾਰ ਅਤੇ ਮਿਹਣੇ ਬਰਛੇ ਨੂੰ ਨਿਡਰ ਬਣਾਉਂਦੇ ਹਨ। ਨਾਰੰਗ ਵਰਗੇ ਉੱਚ ਸ਼੍ਰੇਣੀ ਦੇ ਪ੍ਰਤੀਕ ਆਪਣੇ ਬੱਚਿਆਂ ਨੂੰ ਨਿਮਨ ਸ਼੍ਰੇਣੀ ਦੇ ਬੱਚਿਆਂ ਨਾਲ ਖੇਡਣ ਤੋਂ ਵਰਜਦੇ ਹਨ। ਜਿਸ ਕਾਰਨ ਉਨ੍ਹਾਂ ਦੇ ਬੱਚਿਆਂ ਵਿੱਚ ਦਲਿਤ ਸਮਾਜ ਪ੍ਰਤੀ ਨਫ਼ਰਤ ਅਤੇ ਤ੍ਰਿਸਕਾਰ ਬਚਪਨ ਵਿੱਚ ਹੀ ਭਰ ਦਿੱਤੇ ਜਾਂਦੇ ਹਨ। ਜਿਸ ਦਾ ਸਿੱਟਾ ਸਮਾਜ ਦੀ ਅਗਲੀ ਪੀੜ੍ਹੀ ਵਿੱਚ ਜਾਤ ਅਧਾਰਿਤ ਵਿਤਕਰਾ ਕਰਨ ਦੀ ਸ਼ੁਰੂਆਤ ਹੋ ਜਾਂਦੀ ਹੈ ਅਤੇ ਅੱਗੋਂ ਇਹ ਵਿਤਕਰਾ ਸਮਾਜ ਵਿੱਚ ਘਟਣ ਦੀ ਥਾਂ ਦਿਨ ਪਰ ਦਿਨ ਹੋਰ ਵਧਦਾ ਜਾਂਦਾ ਹੈ।

ਸਮਾਜ ਦੀ ਉੱਚ ਸ਼੍ਰੇਣੀ ਨਿਮਨ ਸ਼੍ਰੇਣੀ ਦੇ ਲੋਕਾਂ ਦੇ ਜੀਵਨ ਨੂੰ ਗ਼ੈਰ ਜ਼ਰੂਰੀ ਵਿਸ਼ਿਆਂ ਵਿੱਚ ਉਲਝਾਉਣ ਦੀਆਂ ਸਾਜ਼ਿਸ਼ਾਂ ਰਚਦੀ ਹੈ ਤਾਂ ਜੋ ਨਿਮਨ ਸ਼੍ਰੇਣੀ ਆਪਣੀ ਦੋ ਵੇਲੇ ਦੀ ਰੋਟੀ ਲਈ ਤਰਸਦੀ ਰਹੇ ਅਤੇ ਉਸ ਦੇ ਵਿਰੁੱਧ ਚੇਤਨ ਹੋ ਕੇ ਆਵਾਜ਼ ਨਾ ਚੁੱਕ ਸਕੇ। ਨਾਟਕ ਵਿੱਚ ਬਰਛਾ ਬਚਪਨ ਵਿੱਚ ਇਹਨਾਂ ਸਭ ਵਧੀਕੀਆਂ ਨੂੰ ਆਪਣੇ ਪਿੰਡੇ 'ਤੇ ਹੰਢਾਉਂਦਾ ਹੈ। ਉਹ ਸਮਾਜ ਵਿੱਚ ਹੋ ਰਹੀ ਲੁੱਟ-ਖਸੁੱਟ ਨੂੰ ਨੰਗਿਆਂ ਕਰਨ ਦੀ ਭਰਸਕ ਕੋਸ਼ਿਸ਼ ਕਰਦਾ ਹੈ ਪਰ ਬਰਛੇ ਵਰਗੇ ਅਨੇਕਾਂ ਦਲਿਤ ਚੇਤਨਾ ਵਾਲੇ ਲੋਕਾਂ ਦੀ ਤ੍ਰਾਸਦੀ ਇਹ ਰਹੀ ਹੈ ਕਿ ਉਹ ਦੁਸ਼ਮਣ ਵਿਰੁੱਧ ਕੋਈ ਖ਼ਾਸ ਰਣਨੀਤੀ ਬਣਾ ਕੇ ਨਹੀਂ ਲੜਦੇ। ਜਿਸ ਕਾਰਨ ਉਹ ਹਮੇਸ਼ਾ ਹੀ ਉੱਚ ਸ਼੍ਰੇਣੀ ਦੇ ਲੋਕਾਂ ਦਾ ਸ਼ਿਕਾਰ ਗਿਣੀ-ਮਿਥੀ ਸਾਜ਼ਿਸ਼ ਤਹਿਤ ਹੋ ਜਾਂਦੇ ਹਨ। ਜਿਵੇਂ ਇਸ ਲਘੂ ਨਾਟਕ ਵਿੱਚ ਪ੍ਰਤੀਕ ਰੂਪ ਵਿੱਚ ਬਰਛੇ ਨਾਲ ਕੁਝ ਘਟਨਾਵਾਂ ਜਿਵੇਂ ਡੂਮਣੇ ਦੇ ਛੱਤੇ ਨੂੰ ਛੇੜਨ ਵਾਲੀ, ਕੀੜਿਆਂ ਅਤੇ ਸੱਪ ਵਾਲੀ ਘਟਨਾ ਦੌਰਾਨ ਵਾਪਰਦਾ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਦਲਿਤ ਲੋਕਾਂ ਦੀਆਂ ਸਮੱਸਿਆਵਾਂ ਕਦੀ ਖ਼ਤਮ ਨਾ ਹੋ ਕੇ ਅੱਗੇ ਵਧਦੀਆਂ ਰਹਿੰਦੀਆਂ ਹਨ-

***ਬਰਛਾ - (ਸੱਪ ਪਰਾਂਹ ਕਰਦਾ ) ਵਾਹ ਉਹਿ ਡਰਪੋਕੋ! ਮਰੇ ਸੱਪਾਂ ਤੋਂ ਈ ਡਰੀ ਜਾਨੇ-ਓਂ! ਤੁਸੀਂ ਨੀ ਕਰ ਸਕਦੇ ਕੁਸ਼ ਜ਼ਿੰਦਗਾਨੀ 'ਚ! ਓਈ ਨਾਗਾਂ ਦੀਆਂ ਤਾਂ ਸਿਰੀਆਂ ਫੇਹਣੀਆ ਚਾਹੀਦੀ ਐਂ! ਸੱਪ ਹੇਠਾਂ ਸੁਟਦਾ ਆਹ ਪਿਐ ਨਾ ਪੁੱਤ ਬਣਾਇਆ!***

***ਤਾਰਾ - ਓਇ ਅਜੇ ਜਿਉਂਦੈ ਬਰਛਿਆ! ਸਾਹ ਹੈ-ਗੇ ਇਹਦੇ 'ਚ!***

***ਬਰਛਾ - ਆਹੋ! ਪਤਾ ਐ ਮੈਨੂੰ! ਮੈਂ ਇਹਦਾ ਜਾਨ-ਕੇ ਈ ਨੀ ਕੌਡਾ ਚਿੱਤ ਕੀਤਾ!***

***ਤਾਰਾ - ਕਿਉਂ?***

***ਬਰਛਾ - (ਮਾਨ-ਭਰੀ ਖਸ਼ੀ ਮਹਿਸੂਸਦਾ) ਐਥੇ ਹੁੰਦੇ ਨਾਗ ਵੇਖ ਕੇ ਮੇਰੇ ਮਨ ਨੂੰ ਸ਼ਾਂਤੀ ਮਿਲਦੀ ਐ![6]***

**ਅੰਨ੍ਹੇਰੀ-ਕੋਠੜੀ** ਲਘੂ-ਨਾਟਕ ਵਿੱਚ ਔਲਖ ਭੂਮੀਹੀਣ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਦੁਸ਼ਵਾਰੀਆਂ ਨੂੰ ਯਥਾਰਥਵਾਦੀ ਰੂਪ ਵਿੱਚ ਪੇਸ਼ ਕਰਦਾ ਹੈ। ਇਹਨਾਂ ਭੂਮੀਹੀਣ ਕਿਸਾਨਾਂ ਅਤੇ ਮਜ਼ਦੂਰਾਂ ਦੀ ਇਸ ਹਾਲਤ ਪਿੱਛੇ ਔਲਖ ਵਿਸ਼ਵੀਕਰਨ ਅਤੇ ਪੂੰਜੀਵਾਦ ਨੂੰ ਜ਼ਿੰਮੇਵਾਰ ਮੰਨਦਾ ਹੈ। ਛੋਟੇ ਕਿਸਾਨ ਪੂੰਜੀਵਾਦ ਦੇ ਪ੍ਰਭਾਵ ਹੇਠ ਵੱਡੇ ਕਿਸਾਨਾਂ ਦੀ ਰੀਸ ਕਰਨ ਲੱਗ ਪਏ ਹਨ। ਆਪਣੀਆਂ ਆਰਥਿਕ ਥੁੜਾਂ ਨੂੰ ਦੂਰ ਕਰਨ ਲਈ ਉਹਨਾਂ ਨੇ ਖੇਤੀ-ਬਾੜੀ ਦੇ ਨਵੇਂ-ਢੰਗ ਤਰੀਕਿਆਂ ਦਾ ਪ੍ਰਯੋਗ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਬਿਨਾਂ ਜ਼ਰੂਰਤ ਦੇ ਅਤੇ ਆਪਣੀ ਸਮਰੱਥਾ ਤੋਂ ਵੱਧ ਸੰਦ ਬਣਾਉਣ ਲਈ ਬੈਂਕਾਂ ਤੋਂ ਕਰਜ਼ਾ ਲੈ ਲਿਆ ਪਰ ਕਰਜ਼ਾ ਵਾਪਸ ਨਾ ਕਰਨ ਦੀ ਸੂਰਤ ਵਿੱਚ ਉਹਨਾਂ ਨੂੰ ਆਪਣੀਆਂ ਜ਼ਮੀਨਾਂ ਵੇਚਣੀਆਂ ਪਈਆਂ। ਸਮਾਜਿਕ ਮਾਣ ਮਰਿਆਦਾ ਦੀ ਮਜਬੂਰੀ ਹੇਠ ਵਿਆਹ ਉੱਪਰ ਕੀਤੇ ਅੰਨ੍ਹੇਵਾਹ ਖ਼ਰਚ ਨੇ ਉਹਨਾਂ ਦੇ ਆਪਸੀ

ਪਰਿਵਾਰਕ ਕਲੇਸ਼ ਨੂੰ ਜਨਮ ਦਿੱਤਾ ਅਤੇ ਕਈਆਂ ਨੂੰ ਤਾਂ ਆਪਣੇ ਪਿਤਾ ਪੁਰਖੀ ਕਿੱਤੇ ਤੋਂ ਹੱਥ ਧੋਣਾ ਪਿਆ।

ਅਸੀਂ ਦੇਖਦੇ ਹਾਂ ਕਿ ਨਾਟਕ ਵਿਚਲੇ ਚਾਰੇ ਭਰਾ ਜੀਅ ਤੋੜ ਮਿਹਨਤ ਕਰਦੇ ਹਨ। ਭੂਮੀਪਤੀ ਕਿਸਾਨਾਂ ਦੀ ਰੀਸ ਅਤੇ ਵਧੇਰੇ ਫ਼ਸਲ ਦੀ ਪ੍ਰਾਪਤੀ ਦੇ ਲਾਲਚ ਹਿਤ ਆਪਣੀ ਸਮਰੱਥਾ ਤੋਂ ਵੱਧ ਕੇ ਬੈਂਕ ਤੋਂ ਲੋਨ ਲੈ ਕੇ ਟਰੈਕਟਰ ਲੈ ਲੈਂਦੇ ਹਨ। ਸਮਾਜਿਕ ਮਜਬੂਰੀਆਂ ਅਤੇ ਸਰੀਕੇ 'ਚ ਨੱਕ ਰੱਖਣ ਲਈ ਕੁੜੀ ਦੇ ਵਿਆਹ ਉੱਤੇ ਕੀਤੇ ਵੱਧ ਖ਼ਰਚ ਕਾਰਨ ਉਹਨਾਂ ਨੂੰ ਟਰੈਕਟਰ ਚਾਲ਼ੀ ਹਜ਼ਾਰ ਦਾ ਘਾਟਾ ਪਾ ਕੇ ਵੇਚਣਾ ਪੈਂਦਾ ਹੈ-

***ਬੇਬੇ :*** *(ਜਿਵੇਂ ਸਿਰ 'ਤੇ ਬਿਜਲੀ ਡਿਗ ਪਈ ਹੋਵੇ ) ਸਾਢੇ ਚਾਰ 'ਲੱਖ'?!?!.....(ਘਬਰਾਹਟ ਨਾਲ ਕੰਬਦੀ ) ਵੇ ਐਨਾ ਕਿਵੇਂ ਚੜ੍ਹ ਗਿਆ ਪੁੱਤਾ ?!*

***ਚਰਨਾ :*** *(ਦੁੱਖ ਅਤੇ ਬੇਵੱਸੀ ਵਿਚ ਕਬੀਲਦਾਰੀ ਦੀਆਂ ਲੋੜਾਂ 'ਤੇ ਗੁੱਸੇ ਹੁੰਦਾ ਦਸਦਾ ) ਆਈਆਂ-ਚਲਾਈਆਂ! ਵਿਆਹ-ਸ਼ਾਦੀਆਂ ਬਮਾਰੀਆਂ-ਸ਼ਮਾਰੀਆਂ! ਟਰੈਕਟਰ ਦੀਆਂ ਕਿਸ਼ਤਾਂ!?*

***ਬੇਬੇ :*** *(ਕਿਸ਼ਤਾਂ ਦੀ ਗੱਲ 'ਤੇ ਹਰਾਨ ਹੁੰਦੀ ) ਟਰੈਕਟਰ ਦੀਆਂ ਕਿਸਤਾਂ? ਕਿਸਤਾਂ ਖੜ੍ਹੀਐਂ ਅਜੇ? ਟਰੈਕਟਰ ਤਾਂ ਆਪਾਂ ਕਿੱਦੇਂ ਦਾ ਵੇਚਿਐ?*

***ਚਰਨਾ :*** *(ਉਸੇ-ਤਰ੍ਹਾਂ ਦੁੱਖ ਤੇ ਗੁੱਸੇ ਵਿਚ ) ਟਰੈਕਟਰ ਕੋਈ ਖੁਸ਼ੀ ਨੂੰ ਵੇਚਿਆ ਸੀ? ਵੇਚਣਾ ਪਿਆ ਸੀ ਅਨਸਰਦੇ ਨੂੰ! ਚਾਲ਼ੀ ਹਜ਼ਾਰ ਦਾ ਘਾਟਾ ਪਾ ਕੇ![7]*

ਇਸ ਵਿੱਚ ਕੋਈ ਦੋ ਰਾਏ ਨਹੀਂ ਕਿ ਹਰੀ ਕ੍ਰਾਂਤੀ ਦੇ ਆਉਣ ਨਾਲ ਕਿਸਾਨ ਦੀ ਆਮਦਨ ਅਤੇ ਫ਼ਸਲ ਦੀ ਪੈਦਾਵਾਰ ਵਿੱਚ ਉਛਾਲ ਆਇਆ। ਇਸ ਦੇ ਅਸਰ ਨਾਲ ਅਮੀਰ ਕਿਸਾਨ ਤਾਂ ਹੋਰ ਅਮੀਰ ਹੋ ਗਿਆ ਪਰ ਗ਼ਰੀਬ ਕਿਸਾਨ ਦੀ ਹਾਲਤ ਪਹਿਲਾਂ ਨਾਲੋਂ ਵੀ ਬਦਤਰ ਹੋ ਗਈ। ਕਿਉਂਕਿ ਛੋਟੇ ਕਿਸਾਨਾਂ ਨੂੰ ਆਪਣੇ ਖ਼ਰਚਿਆਂ ਦੀ ਪੂਰਤੀ ਲਈ ਵੱਡੇ ਸਰਮਾਏਦਾਰਾਂ, ਬੈਂਕਾਂ ਤੇ ਆੜ੍ਹਤੀਆਂ ਤੋਂ ਕਰਜ਼ਾ ਚੁੱਕਣਾ ਪਿਆ। ਕਰਜ਼ਾ ਨਾ ਮੁੜ ਸਕਣ ਦੀ ਸੂਰਤ ਵਿੱਚ ਇਹਨਾਂ ਛੋਟੇ ਕਿਸਾਨਾਂ ਨੂੰ ਆਪਣੀ ਜ਼ਮੀਨ ਵੇਚਣ ਲਈ ਮਜਬੂਰ ਹੋਣ ਪਿਆ ਜਾਂ ਮਾਨਸਿਕ ਦਬਾਅ ਹੇਠ ਖ਼ੁਦਕੁਸ਼ੀ ਦਾ ਰਾਹ ਅਪਣਾਉਣਾ ਪਿਆ। ਇਸ ਨਾਟਕ ਦੀ ਮੁੱਖ ਪਾਤਰ 'ਬੇਬੇ' ਅਤੇ ਉਸ ਦਾ ਪਤੀ ਜੀਅ ਤੋੜ ਮਿਹਨਤ ਕਰਕੇ ਅਤੇ ਸ਼ਰੀਕਾਂ ਨਾਲ ਖ਼ੂਨ ਦੀ ਬਾਜ਼ੀ ਲਾ ਕੇ ਆਪਣੀ ਜ਼ਮੀਨ ਛੁਡਾਉਂਦੇ ਹਨ। ਪਰ ਸਰਕਾਰ ਦੀਆਂ ਲੋਟੂ ਆਰਥਿਕ ਨੀਤੀਆਂ, ਪੂੰਜੀਵਾਦ, ਵਿਗਿਆਨਕ ਕਾਢਾਂ, ਬੈਂਕਾਂ ਅਤੇ ਆੜ੍ਹਤੀਆਂ ਦੇ ਸ਼ੋਸ਼ਣ ਤੋਂ ਤੰਗ ਆ ਕੇ ਉਹਨਾਂ ਨੂੰ ਆਪਣੀ ਜ਼ਮੀਨ ਵੇਚਣੀ ਪੈਂਦੀ ਹੈ। ਜਦੋਂ ਕਿ ਉਹਨਾਂ ਦਾ ਸ਼ਹਿਰ ਵਿੱਚ ਮਾਸਟਰ ਲੱਗਿਆ ਪੁੱਤਰ ਆਪਣੇ ਹਿੱਸੇ ਦੀ ਜ਼ਮੀਨ ਵਿੱਚੋਂ ਬਣਦਾ ਹਿੱਸਾ ਨਹੀਂ ਲੈਂਦਾ ਅਤੇ ਪਰਿਵਾਰ ਦੀ ਗਹਿਣੇ ਪਈ ਜ਼ਮੀਨ ਨੂੰ ਛਡਾਉਣਾ ਲਈ ਪਰਿਵਾਰ ਦੀ ਆਰਥਕ ਮਦਦ ਕਰਨਾ ਆਪਣਾ ਨੈਤਿਕ ਫ਼ਰਜ਼ ਸਮਝਦਾ ਹੈ-

***ਬੇਬੇ :*** *(ਅਜੈਬ 'ਤੇ ਗਿਲਾ ਪ੍ਰਗਟਾਉਂਦੀ ) ਕਿਉਂ ਲਾਵੇਂ ਕਿਉਂ ਨਾ? ਪੜ੍ਹਾਇਆ ਨੀ ਉਹਨੂੰ ਏਸ ਘਰ ਨੇ? ਅਵਦੇ ਕੰਨਾਂ ਦੀਆਂ ਡੰਡੀਆਂ ਤੱਕ ਵੇਚਤੀਆਂ ਸੀ ਉਹਨੂੰ ਸਿਰੇ ਲਾਉਣ ਵਾਸਤੇ? ਐਵੇਂ ਨੀ ਮਾਸਟਰ ਬਣ ਗਿਆ।*

***ਸੁਖਦੇਵ :*** *ਸਿਰੇ ਲਾਇਆ ਫੇਰ ਕੀਤਾ ਨੀ ਉਸ ਨੇ ਕੁਸ਼? ਗਹਿਣੇ ਪਈ ਜ਼ਮੀਨ ਛੁਡਾਈ! ਉਦੋਂ ਤੱਕ ਦਾ ਲੈਣ-ਦੇਣ ਚੁਕਦਾ ਕੀਤਾ! ਹੁਣ ਉਹ ਸਾਰੀ ਉਮਰ ਈ ਥੋੜਾ ਗੋਹਾ ਕੂੜਾ ਕਰੀ ਜਾਵੇ? ਅਗਲਾ ਵੀ ਬਾਲ-ਬੱਚੇਦਾਰ ਐ! ਉਹਦਾ ਵੀ ਪਰਵਾਰ ਐ ਕੋਈ![8]*

ਲੇਖਕ ਨਾਟਕ ਵਿੱਚ ਨਿਮਨ ਕਿਸਾਨੀ ਦੀ ਇਸੇ ਤ੍ਰਾਸਦਿਕ ਹੋਣੀ ਨੂੰ ਪੇਸ਼ ਕਰਦਾ ਹੈ ਕਿ ਸਮੁੱਚੇ ਪਰਿਵਾਰ ਵੱਲੋਂ ਕੀਤੀ ਪੁਰਜ਼ੋਰ ਕੋਸ਼ਿਸ਼ ਵੀ ਉਹਨਾਂ ਦੀ ਗਹਿਣੇ ਪਈ ਜ਼ਮੀਨ ਨੂੰ ਨਹੀਂ ਬਚਾ ਸਕਦੀ। ਅਜਿਹੇ ਪਰਿਵਾਰਾਂ ਦੀਆਂ ਆਰਥਿਕ ਮਜਬੂਰੀਆਂ ਦਾ ਫ਼ਾਇਦਾ ਦਵਿੰਦਰ ਸਿੰਘ ਵਰਗੇ ਸਰਮਾਏਦਾਰ ਲੋਕ ਚੁੱਕਦੇ ਹਨ। ਪਰ ਦੂਜੇ ਪਾਸੇ ਜ਼ਮੀਨ ਨਾਲ ਮੋਹ ਕਰਨ ਵਾਲੀ ਬੇਬੇ ਜ਼ਮੀਨ ਖੁੱਸ ਜਾਣ ਕਾਰਨ ਆਪਣੀ ਜਾਨ ਗੁਆ ਬੈਠਦੀ ਹੈ।

**ਹਰਿਓ ਬੂਟ** ਲਘੂ ਨਾਟਕ ਨਕਸਲਬਾੜੀ ਲਹਿਰ ਦੌਰਾਨ ਪੰਜਾਬੀਆਂ ਦੀ ਹੋਣੀ ਅਤੇ ਉਹਨਾਂ ਦੀ ਨਿਰਾਸ਼ਾਜਨਕ ਸਥਿਤੀ ਨੂੰ ਬਿਆਨ ਕਰਦਾ ਹੈ। ਪੰਜਾਬੀਆਂ ਦੀ ਵਿਦਰੋਹੀ ਪ੍ਰਵਿਰਤੀ ਕਾਰਨ ਉਹਨਾਂ ਨੂੰ ਵੱਖ-ਵੱਖ ਸੰਕਟਾਂ ਦਾ ਸਾਹਮਣਾ ਕਰਨਾ ਪਿਆ ਹੈ। ਇਹਨਾਂ ਸੰਕਟਾਂ ਦੌਰਾਨ ਲੋਕਾਂ ਨੂੰ ਬਹੁਤ ਜ਼ਿਆਦਾ ਸਰੀਰਕ ਅਤੇ ਮਾਨਸਿਕ ਅੱਤਿਆਚਾਰ ਹੰਢਾਉਣਾ ਪਿਆ। ਸਮੇਂ ਦੀ ਭ੍ਰਿਸ਼ਟ ਰਾਜਨੀਤੀ ਅਤੇ ਸਰਕਾਰਾਂ ਦੀ ਡੂੰਘੀ ਸਾਜ਼ਿਸ਼ ਤਹਿਤ 1980-90 ਦੇ ਦਹਾਕੇ ਦੌਰਾਨ ਪੰਜਾਬੀ ਨੌਜਵਾਨਾਂ ਨੂੰ ਭੜਕਾ ਕੇ ਵਿਦਰੋਹ ਦੇ ਰਸਤੇ ਤੇ ਚੱਲਣ ਲਈ ਮਜਬੂਰ ਕਰ ਦਿੱਤਾ। ਨੌਜਵਾਨਾਂ ਦਾ ਆਪਣੇ ਹੱਕਾਂ ਲਈ ਖੜ੍ਹਾ ਹੋਣਾ ਸੰਪੂਰਨ ਪੰਜਾਬ ਲਈ ਖ਼ਤਰਾ ਬਣ ਗਿਆ। ਇਸ ਦੌਰਾਨ ਪੁਲਿਸ ਦੇ ਅਮਾਨਵੀ ਵਿਹਾਰ ਨੇ ਲੋਕਾਂ ਨੂੰ ਹੋਰ ਜ਼ਿਆਦਾ ਭੜਕਾਇਆ। ਇਸ ਦਮਨ ਅਤੇ ਅੱਤਵਾਦ ਨੇ ਪੰਜਾਬੀ ਸਭਿਆਚਾਰ ਅਤੇ ਸੁਖਾਵੇਂ ਸਮਾਜਿਕ ਵਾਤਾਵਰਣ ਨੂੰ ਅਸ਼ਾਂਤ ਕਰ ਦਿੱਤਾ ਜਿਸ ਕਾਰਨ ਇਸ ਦੀ ਪ੍ਰਗਤੀ ਦੀ ਗਤੀ ਨੂੰ ਠੱਲ੍ਹ ਪੈ ਗਈ। ਪੁਲਿਸ ਦੁਆਰਾ ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾਏ ਗਏ ਅਤੇ ਸਿੱਖ ਨੌਜਵਾਨਾਂ ਦੀ ਨਸਲਕੁਸ਼ੀ ਕੀਤੀ ਗਈ। ਛੋਟੀ ਬੱਚੀ ਤੋਂ ਲੈ ਕੇ ਬੁੱਢੀ ਔਰਤ ਤੱਕ ਦੀ ਬੇਪਤੀ ਕਰ ਸਮੂਹ ਮਾਨਵਤਾ ਨੂੰ ਸ਼ਰਮਸਾਰ ਕੀਤਾ ਗਿਆ। ਇਹਨਾਂ ਹਿਰਦੇਵੇਦਕ, ਰੂਹ ਕੰਬਾਊ ਅਤੇ ਭਿਆਨਕ ਘਟਨਾਵਾਂ ਕਾਰਨ ਪੰਜਾਬੀਆਂ ਦੇ ਆਪਣੇ ਹੱਕਾਂ ਲਈ ਲੜਨ ਵਾਲੇ ਜਜ਼ਬੇ ਨੂੰ ਹੋਰ ਹੁੰਗਾਰਾ ਮਿਲਿਆ।

ਨਾਟਕ ਵਿੱਚ ਅੱਤਵਾਦੀਆਂ ਦੇ ਗਿਰੋਹ ਨਾਲ ਮਿਲੇ ਸਿਕੰਦਰ ਸਿੰਘ, ਜਿਸ ਨੂੰ ਉਸ ਦੇ ਘਰ ਵਾਲਿਆਂ ਨੇ ਬੇਦਖ਼ਲ ਕਰ ਰੱਖਿਆ ਹੈ, ਉਸ ਦੇ ਪਰਿਵਾਰਿਕ ਮੈਂਬਰਾਂ ਨੂੰ ਪੁਲਿਸ ਵੱਲੋਂ ਨਾਜਾਇਜ਼ ਢੰਗ ਨਾਲ ਤੰਗ ਕਰਦੇ ਹੋਏ ਉਹਨਾਂ ਉੱਪਰ ਬੇਲੋੜਾ ਤਸ਼ੱਦਦ ਢਾਇਆ ਜਾਂਦਾ ਹੈ। ਇਹ ਭਾਰੀ ਤਸ਼ੱਦਦ ਸਿਰਫ਼ ਪਰਿਵਾਰਕ ਮੈਂਬਰਾਂ ਤੱਕ ਹੀ ਸੀਮਿਤ ਨਹੀਂ ਰਹਿੰਦਾ ਬਲਕਿ ਇਸ ਦੇ ਲਈ ਪੂਰੇ ਪਿੰਡ ਨੂੰ ਜ਼ਲਾਲਤ ਦਾ ਸਾਹਮਣਾ ਕਰਨ ਪੈਂਦਾ ਹੈ। ਸਿਕੰਦਰ ਦੇ ਪਰਿਵਾਰ ਦੀਆਂ ਔਰਤਾਂ ਨੂੰ ਭਰੀ ਪੰਚਾਇਤ ਵਿੱਚ ਨਿਰਵਸਤਰ ਕਰਕੇ ਬੇਪਤ ਕੀਤਾ ਜਾਂਦਾ ਹੈ। ਜਿਸ ਦਾ ਵਿਰੋਧ ਕਰਨ ਤੇ ਸਿਕੰਦਰ ਦੇ ਭਰਾ ਬਿੰਦਰ ਨੂੰ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਸਿਕੰਦਰ ਦੇ ਗੁਆਂਢੀ ਸੁੱਚਾ ਸਿੰਘ ਅਤੇ ਸੰਤੀ ਦੇ ਪਰਿਵਾਰਕ ਮੈਂਬਰਾਂ ਨਾਲ ਦੁਰਵਿਹਾਰ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਗਈਆਂ। ਸੁੱਚਾ ਸਿੰਘ ਦੀ ਪੋਤੀ ਪੁਲਿਸ

ਦੇ ਦਹਿਸ਼ਤੀ ਕਹਿਰ ਨੂੰ ਨਾ ਸਹਾਰਦੀ ਹੋਈ ਢਿੱਡ ਵਿੱਚ ਕਿਰਪਾਨ ਮਾਰ ਕੇ ਆਪਣੇ ਆਪ ਨੂੰ ਖ਼ਤਮ ਕਰ ਲੈਂਦੀ ਹੈ। ਨਾਟਕ ਵਿੱਚ ਔਲਖ ਨੇ ਪੁਲਿਸ ਦੇ ਦਮਨਕਾਰੀ ਅਤੇ ਸਾਊ ਸੁਭਾਅ ਵਾਲੇ ਦੋਵੇਂ ਰੂਪਾਂ ਨੂੰ ਪੇਸ਼ ਕੀਤਾ ਹੈ। ਪੰਜਾਬ ਰਾਜ ਤੋਂ ਬਾਹਰਲੇ ਪੁਲਿਸ ਵਾਲੇ ਸੁੱਚਾ ਸਿੰਘ ਵਰਗੇ ਅੰਨ੍ਹੇ ਅਤੇ ਬੋਲ਼ੇ ਬਜ਼ੁਰਗ ਨਾਲ ਬੜਾ ਨਿੰਦਣਯੋਗ ਵਿਹਾਰ ਕਰਦੇ ਹਨ ਪਰ ਇਸ ਦੇ ਉਲਟ ਸਿੱਖ ਸਿਪਾਹੀ ਆਮ ਲੋਕਾਂ ਨਾਲ ਬੜੇ ਸੁਚੱਜੇ ਢੰਗ ਨਾਲ ਪੇਸ਼ ਆਉਂਦੇ ਹਨ।

**ਸਿੱਖ ਸਿਪਾਹੀ : ਮਾਈ ਬਾਬਾ ਕਿਉਂ ਨੀਂ ਗਿਆ ਸੱਥ ਵਿੱਚ?**

**ਸੰਤੀ : ਪੁੱਤ ਨਾ ਇਹਨੂੰ ਦੀਂਹਦੈਂ, ਨਾ ਸੁਣਦੈ। ਜਾਇਆ ਨੀ ਜਾਂਦਾ ਇਹਤੋਂ।**

**ਹੌਲਦਾਰ: ਕਯਾ ਬੋਲਤੀ?**

**ਸਿੱਖ ਸਿਪਾਹੀ: ਯੇਹ ਅੰਧਾ ਔਰ ਬਹਿਰਾ ਹੈ ਹੌਲਦਾਰ ਸਾਹਿਬ।**

**ਹੌਲਦਾਰ : ਯੇਹ ਹਾਥ ਮੇਂ ਕਯਾ ਘੁਮਾ ਰਹਾ ਹੈ? ਕਯਾ ਕਰ ਰਹਾ ਹੈ ਯੇਹ?**

**ਸਿੱਖ ਸਿਪਾਹੀ : ਮਾਲਾ ਹੈ ਲੋਹੇ ਕੀ। ਪਰਮਾਤਮਾ ਕਾ ਨਾਮ ਜਪ ਰਹਾ ਹੈ।**

**ਹੌਲਦਾਰ : ਤੁਮ ਲੋਗ ਲੋਹੇ ਕੋ ਬੜਾ ਪਯਾਰ ਕਰਤੇ ਹੋ! ਵੋਹ ਕਯਾ ਨਾਮ ਬੋਲਤਾ?.....ਹਾਂ ਕੱੜਾ! ਕੱੜਾ ਲੋਹੇ ਕਾ, ਤਲਵਾਰ ਲੋਹੇ ਕੀ, ਯੇਹ ਮਾਲਾ ਲੋਹੇ ਕੀ! (*ਮਖੌਲ ਕਰਦਾ*) ਲੋਹੇ ਸੇ ਪੈਦਾ ਹੁਏ ਹੈਂ ਤੁਮ ਲੋਗ ਕਯਾ?**[9]

ਉਪਰੋਕਤ ਵਿਚਾਰ ਚਰਚਾ ਉਪਰੰਤ ਕਿਹਾ ਜਾ ਸਕਦਾ ਹੈ ਕਿ ਅਜਮੇਰ ਸਿੰਘ ਔਲਖ ਪੰਜਾਬੀ ਨਾਟਕ ਅਤੇ ਰੰਗਮੰਚ ਦੇ ਸਿਰੜੀ ਰੰਗਕਰਮੀ ਸਨ। ਜਿਨ੍ਹਾਂ ਨੇ ਆਪਣੇ ਨਾਟਕਾਂ ਰਾਹੀਂ ਪੰਜਾਬ ਦੇ ਸਭਿਆਚਾਰਕ ਜਨ ਜੀਵਨ ਦੇ ਸਰੋਕਾਰਾਂ ਦੇ ਨਾਲ-ਨਾਲ ਵਿਸ਼ਵ ਪੱਧਰ ਦੇ ਵਿਸ਼ਿਆਂ ਨੂੰ ਆਮ ਜਨ ਮਾਨਸ ਤੱਕ ਪਹੁੰਚਾਇਆ। ਆਪਣੇ ਨਾਟਕਾਂ ਵਿੱਚ ਉਸ ਨੇ ਪੰਜਾਬੀ ਸਭਿਆਚਾਰ,ਖ਼ਾਸ ਕਰਕੇ ਮਲਵਈ ਸਭਿਆਚਾਰ ਨੂੰ ਇੱਕ ਅਲੱਗ ਸਥਾਨ ਦਵਾਇਆ। ਉਸ ਦੇ ਨਾਟਕਾਂ ਦੇ ਮੂਲ ਸਰੋਕਾਰ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਕੇ ਚੇਤਨਾ ਪੈਦਾ ਕਰਨ ਪ੍ਰਤੀ ਰੁਚਿਤ ਹਨ। ਉਹਨਾਂ ਦੀ ਵਡਿਆਈ ਇਸ ਗੱਲ ਵਿੱਚ ਹੈ ਕਿ ਉਸ ਦੇ ਨਾਟਕਾਂ ਨੂੰ ਸਾਧਾਰਨ ਅਤੇ ਬੌਧਿਕ ਪਾਠਕ/ਦਰਸ਼ਕ ਦੇ ਨਾਲ-ਨਾਲ ਆਲੋਚਕ ਵਰਗ ਵੀ ਮਾਨਤਾ ਦਿੰਦਾ ਹੈ। **ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ** ਲਘੂ-ਨਾਟ ਸੰਗ੍ਰਹਿ ਦੁਆਰਾ ਔਲਖ ਪੰਜਾਬੀ ਰਹਿਤਲ ਵਿੱਚ ਵਿਆਪਤ ਸਮਾਜਿਕ ਬੁਰਾਈਆਂ, ਧਾਰਮਿਕ ਪਖੰਡਾਂ, ਰਾਜਨੀਤਕ ਤੇ ਆਰਥਿਕ ਸੰਕਟਾਂ ਆਦਿ ਨੂੰ ਜਨ ਸਧਾਰਨ ਅੱਗੇ ਪੇਸ਼ ਕਰਕੇ ਉਹਨਾਂ ਨੂੰ ਮਾਨਸਿਕ ਮਜ਼ਬੂਤੀ ਪ੍ਰਦਾਨ ਕਰਨ ਦਾ ਸਾਰਥਕ ਯਤਨ ਕਰਦਾ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਫ਼ੁੱਲ, ਡਾ. ਗੁਰਦਿਆਲ ਸਿੰਘ: ਰੰਗਮੰਚ (ਥੀਏਟਰ) ਜਨਮ ਵਿਕਾਸ ਤੇ ਪੰਜਾਬੀ ਦੀਆਂ ਮੁੱਖ ਰੰਗਮੰਚ ਸ਼ੈਲੀਆਂ, ਪੰਜਾਬੀ ਦੁਨੀਆ (ਪੰਜਾਬੀ ਰੰਗਮੰਚ ਵਿਸ਼ੇਸ਼ ਅੰਕ), ਪੰਨਾ 75*
2. *ਫ਼ੁੱਲ, ਡਾ. ਗੁਰਦਿਆਲ ਸਿੰਘ, ਪੰਜਾਬੀ ਨਾਟਕ ਸਰੂਪ, ਸਿਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਨਾ 23*
3. *ਔਲਖ, ਅਜਮੇਰ ਸਿੰਘ, ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ 23*
4. *-ਉਹੀ-, ਪੰਨਾ 91*
5. *-ਉਹੀ-, ਪੰਨਾ 78*
6. *-ਉਹੀ-, ਪੰਨਾ 102*
7. *-ਉਹੀ-, ਪੰਨਾ 57*
8. *-ਉਹੀ-, ਪੰਨਾ 60*
9. *-ਉਹੀ-, ਪੰਨਾ 38*